# ਇੰਡੀਅਨ ਰੈਡ ਕਰਾਸ ਸੋਸਾਇਟੀ

## ਡਿਸਟ੍ਰਿਕਟ ਬਰਾਂਚ, ਮਾਨਸਾ

ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਜੋ ਕਿ 13-4-1992 ਨੂੰ ਹੋਂਦ ਵਿੱਚ ਆਈ ਹੈ ਇਸ ਵੱਲੋਂ ਹੁਣ ਤੱਕ ਹੇਠ ਲਿਖੇ ਅਨੁਸਾਰ ਲੋਕ ਭਲਾਈ ਦੇ ਕੰਮ ਕੀਤੇ ਗਏ ਹਨ।

1. *ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਮਾਨਸਾ*

ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਵੱਲੋਂ 10/2000 ਤੋਂ 15 ਬਿਸਤਰਿਆਂ ਵਾਲਾ ਇੱਕ ਨਸ਼ਾ ਛੁਡਾਊ ਕੇਂਦਰ ਚਲਾਇਆ ਜਾ ਰਿਹਾ ਹੈ। ਇਸ ਕੇਂਦਰ ਤੇ ਹੁਣ ਤੱਕ 5000 ਦੇ ਕਰੀਬ ਮਰੀਜ਼ ਲਾਭ ਉਠਾ ਚੁੱਕੇ ਹਨ।

2. *ਟਰਾਈਸਾਇਕਲ, ਵੀਲ੍ਹ ਚੇਅਰਜ਼, ਕੰਨਾਂ ਦੀਆਂ ਮਸ਼ੀਨਾਂ, ਬਨਾਵਟੀ ਅੰਗ, ਵਸਾਖੀਆਂ ਅਤੇ ਐਨਕਾਂ ਦੀ ਵੰਡ।*

ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਵੱਲੋਂ ਹੁਣ ਤੱਕ 947 ਟਰਾਈਸਾਈਕਲਜ਼, 34 ਵੀਲ੍ਹ ਚੇਅਰਜ਼, 996 ਕੰਨਾਂ ਦੀਆਂ ਮਸ਼ੀਨਾਂ, 384 ਬਨਾਵਟੀ ਅੰਗ, 20 ਐਨਕਾਂ ਅਤੇ 20 ਵਸਾਖੀਆਂ ਲੋੜਵੰਦ ਅਪੰਗ ਵਿਅਕਤੀਆਂ ਨੂੰ ਵੰਡੀਆਂ ਗਈਆਂ ਹਨ।

3. *ਸਿਲਾਈ ਮਸ਼ੀਨਾਂ ਦੀ ਵੰਡ:*

ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਵੱਲੋਂ ਹੁਣ ਤੱਕ ਵਿਧਵਾ ਲੋੜਵੰਦ ਬੇ-ਸਹਾਰਾ ਅਤੇ ਅਨੂਸੂਚਿਤ ਜਾਤੀ ਦੀਆਂ ਲੜਕੀਆਂ ਨੂੰ ਸਵੈ-ਨਿਰਭਰ ਬਣਾਉਣ ਲਈ 1748 ਸਿਲਾਈ ਮਸ਼ੀਨਾਂ ਵੰਡੀਆਂ ਜਾ ਚੁੱਕੀਆਂ ਹਨ।

4. *ਕੰਪਿਊਟਰ ਟ੍ਰੇਨਿੰਗ:-*

ਅਨੂਸੂਚਿਤ ਜਾਤੀ ਦੇ ਲੜਕੇ ਲੜਕੀਆਂ ਨੂੰ ਸਵੈ-ਨਿਰਭਰ ਬਣਾਉਣ ਲਈ ਇੱਕ ਸਾਲ ਦੀ ਕੰਪਿਊਟਰ ਟ੍ਰੇਨਿੰਗ ਦਿੱਤੀ ਗਈ ਹੈ। ਟ੍ਰੇਨਿੰਗ ਦੌਰਾਨ 500/- ਰੁ: ਪ੍ਰਤੀ ਮਹੀਨਾ ਵਜੀਫ਼ਾ ਦਿੱਤਾ ਜਾਂਦਾ ਰਿਹਾ ਹੈ ਇਸ ਪ੍ਰੋਜੈਕਟ ਤੇ 20,00,000/- ਰੁਪੈ ਖਰਚ ਕੀਤੇ ਗਏ ਹਨ ਅਤੇ 400 ਲੜਕੇ ਲੜਕੀਆਂ ਨੇ ਇਸ ਪ੍ਰੋਜੈਕਟ ਤੋਂ ਲਾਭ ਉਠਾਇਆ ਹੈ।

ਅਨੁਸੂਚਿਤ ਜਾਤੀ ਦੇ ਲੜਕਿਆਂ ਨੂੰ ਸਵੈ-ਨਿਰਭਰ ਬਣਾਉਣ ਲਈ ਉਹਨਾਂ ਨੂੰ ਮੋਟਰ-ਮਕੈਨਿਕ ਅਤੇ ਵੈਲਡਿੰਗ ਕਰਨ ਦੀ ਟ੍ਰੇਨਿੰਗ ਦਿੱਤੀ ਗਈ ਹੈ ਅਤੇ ਟ੍ਰੇਨਿੰਗ ਦੇ ਦੌਰਾਨ 500/- ਪ੍ਰਤੀ ਬੱਚਾ ਵਜੀਫਾ ਦਿੱਤਾ ਜਾਂਦਾ ਰਿਹਾ ਹੈ।

5. *ਦਾਈ ਸੈਂਟਰਜ:-*

ਪੇਂਡੂ ਔਰਤਾਂ ਦੀਆਂ ਸਹੂਲਤਾਂ ਲਈ ਚਾਰ ਦਾਈ ਸੈਂਟਰ ਚਲਾਏ ਜਾਂਦੇ ਰਹੇ ਹਨ।

6. *ਫਸਟ-ਏਡ ਅਤੇ ਹੋਮ-ਨਰਸਿੰਗ ਦੀ ਟ੍ਰੇਨਿੰਗ:-*

ਮਿਤੀ 31-3-2005 ਤੱਕ 58000 ਕਰੀਬ ਵਿਅਕਤੀਆਂ ਨੂੰ ਫਸਟ-ਏਡ ਅਤੇ ਹੋਮ ਨਰਸਿੰਗ ਦੀ ਟ੍ਰੇਨਿੰਗ ਦਿੱਤੀ ਜਾ ਚੁੱਕੀ ਹੈ।

**7. ਮਾਲੀ ਸਹਾਇਤਾ:-**

ਰੈਡ ਕਰਾਸ ਵੱਲੋਂ ਹਰ ਸਾਲ 2,00,000 ਦੇ ਕਰੀਬ ਗਰੀਬ ਲੋੜਵੰਦਾਂ ਨੂੰ ਮਾਲੀ ਸਹਾਇਤਾ ਦਿੱਤੀ ਜਾਂਦੀ ਹੈ ਵੱਡੀ ਗਿਣਤੀ ਵਿੱਚ ਗਰੀਬਾਂ ਨੂੰ ਗਰਮ ਕੰਬਲ ਅਤੇ ਹੋਰ ਰਲੀਫ਼ ਮਟੀਰੀਅਲ ਮੁਫ਼ਤ ਵੰਡਿਆ ਜਾਂਦਾ ਹੈ ਅਤੇ ਹਸਪਤਾਲ ਦੇ ਮਰੀਜਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਜਾਂਦੀਆਂ ਹਨ।

**8. ਕੁਦਰਤੀ ਆਫ਼ਤਾਂ ਸਮੇਂ ਲੋੜ ਵਾਲੀ ਥਾਂ ਤੇ ਰਲੀਫ਼ ਮੈਟੀਰੀਅਲ ਅਤੇ ਰਲੀਫ ਫੰਡ ਭੇਜਣ ਸਬੰਧੀ:-**

1999 ਵਿੱਚ ਉਡੀਸਾ ਵਿੱਚ ਆਏ ਤੂਫਾਨ ਸਮੇਂ ਤੂਫਾਨ ਪੀੜਤਾਂ ਦੀ ਮੱਦਦ ਲਈ ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਵੱਲੋਂ 1,01,216/- ਰੁਪਏ ਇਕੱਠੇ ਗਏ ਸਨ ਅਤੇ 9 ਟਰੱਕ ਰਲੀਫ ਮੈਟੀਰੀਅਲ ਦੇ ਭੇਜੇ ਗਏ ਸਨ। ਸਾਲ 2001 ਵਿੱਚ ਗੁਜਰਾਤ ਵਿੱਚ ਆਏ ਭੁਚਾਲ ਸਮੇਂ ਪੀੜਤਾਂ ਦੀ ਮੱਦਦ ਲਈ 7,77,817 ਰੁਪਏ ਮੁੱਖ ਮੰਤਰੀ ਰਲੀਫ ਫੰਡ ਵਿੱਚ ਭੇਜੇ ਗਏ ਸਨ ਅਤੇ ਅਨੇਕਾਂ ਟਰੱਕ ਰਲੀਫ਼ ਮੈਟੀਰੀਅਲ ਦੇ ਭੇਜੇ ਗਏ ਸਨ ਇਸੇ ਤਰ੍ਹਾਂ ਸੁਨਾਮੀ ਤੁਫਾਨ ਪੀੜਤਾਂ ਲਈ ਵੀ ਵੱਡੀ ਮਾਤਰਾ ਵਿੱਚ ਰਲੀਫ ਮੈਟੀਰੀਅਲ ਭੇਜਿਆ ਗਿਆ ਹੈ।

**9. ਐਬੂਲੈਂਸ ਸੇਵਾਵਾਂ:-**

ਰੈਡ ਕਰਾਸ ਵੱਲੋਂ 6,18,000/- ਰੁਪਏ ਦੀ ਲਾਗਤ ਨਾਲ ਇੱਕ ਐਂਬੂਲੈਂਸ ਖਰੀਦੀ ਗਈ ਹੈ ਜੋ ਬਹੁਤ ਘੱਟ ਰੇਟ ਤੇ ਮਰੀਜਾਂ ਨੂੰ ਸੇਵਾਵਾਂ ਪ੍ਰਦਾਨ ਕਰਦੀ ਹੈ।

**10. ਰੈਡ ਕਰਾਸ ਵੱਲੋਂ ਕੀਤੇ ਜਾ ਰਹੇ ਫੁਟਕਲ ਲੋਕ ਭਲਾਈ ਕੰਮਾਂ ਦਾ ਵੇਰਵਾ:-**

ਰੈਡ ਕਰਾਸ ਵੱਲੋਂ ਸਮੇਂ ਸਮੇਂ ਸਿਰ ਖੂਨਦਾਨ ਕੈਂਪ ਲਗਾਏ ਜਾਂਦੇ ਹਨ। ਔਰਤਾਂ ਵਿੱਚ ਜਾਗ੍ਰਤੀ ਪੈਦਾ ਕਰਨ ਲਈ ਸੱਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ। ਬਜੁਰਗਾਂ ਦੇ ਹਿੱਤਾਂ ਦੀ ਰਾਖੀ ਲਈ ਸੀਨੀਅਰ ਸਿਟੀਜਨ ਦਿਵਸ ਮਨਾਇਆ ਜਾਂਦਾ ਹੈ। ਸੈਟਰਲ ਜੇਲ੍ਹ ਬਠਿੰਡਾ ਵਿਖੇ ਕੈਦੀਆਂ ਦੀ ਸੁਵਿਧਾ ਲਈ ਛੱਤ ਵਾਲੇ ਪੱਖੇਂ ਅਤੇ ਵਾਟਰ ਕੂਲਰ ਦਿੱਤਾ ਗਿਆ ਹੈ। ਜਨਾਨਾ ਵਾਰਡ ਵਿੱਚ ਫਲੱਸ਼ਾਂ ਅਤੇ ਬਾਥਰੂਮ ਬਣਵਾ ਕੇ ਦਿੱਤੇ ਗਏ ਹਨ। ਜ਼ਿਲ੍ਹਾ ਰੈੱਡ ਕਰਾਸ ਸ਼ਾਖਾ ਪ੍ਰਸ਼ਾਸਣ ਅਤੇ ਗੈਰ-ਸਰਕਾਰੀ ਸੰਸਥਾਵਾਂ ਵਿਚਕਾਰ ਨੋਡਲ ਏਜੰਸੀ ਦਾ ਕੰਮ ਕਰਦੀ ਹੈ। ਸ਼ਹਿਰ ਨੂੰ ਸੁਚੱਜੇ ਢੰਗ ਨਾਲ ਸਾਫ਼ ਰੱਖਣ ਲਈ ਨਗਰ ਕੌਂਸਲ ਮਾਨਸਾ ਨੂੰ ਰਿਕਸ਼ਾ ਰੇਹੜੀਆਂ ਦਿੱਤੀਆਂ ਗਈਆਂ ਹਨ।

**11. ਮੁੱਖ ਦਿਵਸ ਮਨਾਉਣ ਸਬੰਧੀ:-**

ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਵੱਲੋਂ ਗਣਤੰਤਰਤਾ ਦਿਵਸ ਸਵਤੰਤਰਤਾ ਦਿਵਸ ਵਿਸ਼ਵ ਰੈਡ ਕਰਾਸ ਦਿਵਸ, ਰਾਜੀਵ ਗਾਂਧੀ ਅਕਸੈ ਊਰਜਾ ਦਿਵਸ, ਸੀਨੀਅਰ ਸਿਟੀਜਨ-ਡੇ ਅਤੇ ਹੋਰ ਮੁੱਖ ਦਿਨਾਂ ਨੂੰ ਬੜੇ ਹੀ ਸੁਚੱਜੇ

ਢੰਗ ਨਾਲ ਮਨਾਇਆ ਜਾਂਦਾ ਹੈ ।

## 12. ਬਿਰਧ ਆਸ਼ਰਮ ਦੀ ਉਸਾਰੀ:-

ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਵੱਲੋਂ ਬਿਰਧ ਆਸ਼ਰਮ ਦੀ ਉਸਾਰੀ ਵਿਚਾਰ ਅਧੀਨ ਹੈ ਇਸ ਲਈ ਇੱਕ ਏਕੜ ਜ਼ਮੀਨ ਖਰੀਦੀ ਜਾ ਚੁੱਕੀ ਹੈ ਅਤੇ 10,00,000/- ਰੁਪਏ ਦੀ ਗਰਾਂਟ ਪ੍ਰਾਪਤ ਹੋ ਗਈ ਹੈ ।

## 13. ਆਮਦਨ ਦੇ ਸੋਮੇ:-

ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਵੱਲੋਂ ਸਰਦੂਲਗੜ੍ਹ ਵਿਖੇ 14 ਦੁਕਾਨਾਂ ਦਾ ਇੱਕ ਸ਼ਾਪਿੰਗ ਕੰਪਲੈਕਸ ਉਸਾਰਿਆ ਗਿਆ ਹੈ । ਮਾਨਸਾ ਵਿਖੇ 8 ਦੁਕਾਨਾਂ ਦਾ ਇੱਕ ਸ਼ਾਪਿੰਗ ਕੰਪਲੈਕਸ ਬਣਾਇਆ ਹੋਇਆ ਹੈ । ਕਰੈਚ ਅਤੇ ਰੈਡ ਕਰਾਸ ਨਸ਼ਾ ਛੁਡਾਊ ਕੇਂਦਰ ਚਲਾਉਣ ਲਈ ਰੈਡ ਕਰਾਸ ਪਾਸ ਆਪਣੀਆਂ ਬਿਲਡਿੰਗਾਂ ਹਨ, ਬੱਸ-ਸਟੈਂਡ ਵਿੱਚ ਰੈਡ ਕਰਾਸ ਦੇ ਭੋਜਨ ਭੰਡਾਰ ਦੀ ਬਿਲਡਿੰਗ ਹੈ । ਬਿਰਧ ਆਸ਼ਰਮ ਦੀ ਉਸਾਰੀ ਲਈ ਇੱਕ ਏਕੜ ਜ਼ਮੀਨ ਖਰੀਦੀ ਜਾ ਚੁੱਕੀ ਹੈ । ਨਵੀਂ ਦਾਣਾ ਮੰਡੀ ਪਾਸ ਪੰਜ, ਦੁਕਾਨਾਂ ਦੀ ਉਸਾਰੀ ਲਈ ਜ਼ਮੀਨ ਖਰੀਦੀ ਗਈ ਹੈ । ਲੋਕਾਂ ਦੇ ਮਨੋਰੰਜਨ ਲਈ 20,00,000/- ਰੁਪਏ ਦੀ ਲਾਗਤ ਨਾਲ ਬਾਲ ਭਵਨ ਉਸਾਰਿਆਂ ਗਿਆ ਹੈ ਅਤੇ ਇੱਕ ਸੁੰਦਰ ਪਾਰਕ ਵਿਕਸਤ ਕੀਤਾ ਗਿਆ ਹੈ ।

## 14. ਜ਼ਿਲ੍ਹਾ ਬਾਲ ਭਲਾਈ ਕੌਂਸਲ ਮਾਨਸਾ ਵੱਲੋਂ ਕੀਤੇ ਜਾ ਰਹੇ ਕੰਮ:-

ਇਸ ਕੌਂਸਲ ਵੱਲੋਂ ਛੇ ਸ਼ਾਮ ਦੇ ਸਕੂਲ ਚਲਾਏ ਜਾ ਰਹੇ ਹਨ, ਜਿੱਥੇ ਬੱਚਿਆਂ ਨੂੰ ਮੁਫ਼ਤ ਕਿਤਾਬਾਂ ਕਾਪੀਆਂ ਤੋਂ ਇਲਾਵਾ 25 ਰੁਪਏ ਪ੍ਰਤੀ ਮਹੀਨਾ ਪ੍ਰਤੀ ਬੱਚਾ ਵਜੀਫਾ ਦਿੱਤਾ ਜਾਂਦਾ ਹੈ ਇਸ ਪ੍ਰੋਜੈਕਟ ਤੇ ਹਰ ਸਾਲ **3,50,000/-** ਰੁਪਏ ਖਰਚ ਕੀਤੇ ਜਾਂਦੇ ਹਨ ।

## 15. ਪੇਂਟਿੰਗ ਮੁਕਾਬਲੇ:-

ਸਕੂਲੀ ਬੱਚਿਆਂ ਲਈ ਜ਼ਿਲ੍ਹਾ ਡਵੀਜਨ ਅਤੇ ਸਟੇਟ ਪੱਧਰ ਦੇ ਪੇਂਟਿੰਗ ਮੁਕਾਬਲੇ ਕਰਵਾਏ ਜਾਂਦੇ ਹਨ । ਹਰ ਸਾਲ 14 ਨਵੰਬਰ ਨੂੰ ਬਾਲ ਦਿਵਸ ਦੇ ਮੌਕੇ ਤੇ ਜ਼ਿਲ੍ਹਾ ਪੱਧਰ ਦੇ ਗਰੁੱਪ ਸੌਂਗ, ਗਰੁੱਪ ਡਾਂਸ ਅਤੇ ਕਵਿਤਾ ਗਾਇਨ ਦੇ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਜੇਤੂ ਟੀਮਾਂ ਨੂੰ ਸਟੇਟ ਪੱਧਰ ਤੇ ਮੁਕਾਬਲੇ ਲਈ ਲਿਜਾਇਆ ਜਾਂਦਾ ਹੈ ।

## 16. ਕਰੈਚ-ਕਮ-ਬਾਲਵਾੜੀ ਸੈਂਟਰ:-

ਤਿੰਨ ਸਾਲ ਤੋਂ ਘੱਟ ਦੀ ਉਮਰ ਦੇ ਬੱਚਿਆਂ ਨੂੰ ਸਾਂਭ-ਸੰਭਾਲ ਲਈ ਕਰੈਚ ਚਲਾਇਆ ਜਾ ਰਿਹਾ ਹੈ ।

ਇਸਤੋਂ ਇਲਾਵਾ ਜ਼ਿਲ੍ਹਾ ਰੈਡ ਕਰਾਸ ਸ਼ਾਖਾ ਮਾਨਸਾ ਅਤੇ ਜ਼ਿਲ੍ਹਾ ਬਾਲ ਭਲਾਈ ਕੌਂਸਲ ਮਾਨਸਾ ਵੱਲੋਂ ਅਨੇਕਾਂ ਹੋਰ ਲੋਕ-ਭਲਾਈ ਦੇ ਕੰਮ ਕੀਤੇ ਜਾਂਦੇ ਹਨ ।